# ਖਾਣਿਆਂ ਦੇ ਨਵੇਂ ਅਤੇ ਮੌਜੂਦ ਬਿਜ਼ਨਸ ਚਲਾਉਣ ਵਾਲਿਆਂ ਲਈ

## ਫਰੇਜ਼ਰ ਹੈਲਥ ਨਾਲ ਸੰਪਰਕ ਕਿਉਂ ਕਰਨਾ ਹੈ?

ਫਰੇਜ਼ਰ ਹੈਲਥ ਦੀਆਂ ਇਨਵਾਇਰਨਮੈਂਟਲ ਹੈਲਥ ਸਰਵਿਸਿਜ਼ ਖਾਣਿਆਂ ਦੇ ਨਵੇਂ ਅਤੇ ਮੌਜੂਦ ਬਿਜ਼ਨਸ ਚਲਾਉਣ ਵਾਲਿਆਂ ਦੀ, ਨਵਾਂ ਬਿਜ਼ਨਸ ਸ਼ੁਰੂ ਕਰਨ ਲਈ ਲੋੜੀਂਦੀਆਂ ਪ੍ਰਵਾਨਗੀਆਂ ਲੈਣ ਅਤੇ ਉਨ੍ਹਾਂ ਦੇ ਖਾਣਿਆਂ ਦੇ ਚੱਲਦੇ ਬਿਜ਼ਨਸਾਂ ਦੇ ਫੂਡ ਸੇਫਟੀ ਨਾਲ ਸੰਬੰਧਿਤ ਸ੍ਰੋਤ ਲੱਭਣ ਅਤੇ ਸਵਾਲਾਂ ਦੇ ਜਵਾਬ ਦੇਣ ਵਿਚ ਮਦਦ ਲਈ ਮੌਜੂਦ ਹਨ।

ਖਾਣਿਆਂ ਦੇ ਸਾਰੇ ਬਿਜ਼ਨਸਾਂ ਲਈ ਬਿਜ਼ਨਸ ਚਲਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਫਰੇਜ਼ਰ ਹੈਲਥ ਤੋਂ ਪ੍ਰਵਾਨਗੀ ਲੈਣਾ ਜ਼ਰੂਰੀ ਹੈ। ਇਨ੍ਹਾਂ ਵਿਚ ਇਹ ਸ਼ਾਮਲ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ – ਰੈਸਟੋਰੈਂਟ, ਖਾਣਿਆਂ ਦੇ ਸਟੋਰ, ਪ੍ਰੋਸੈਸਿੰਗ ਪਲਾਂਟ, ਖਾਣਿਆਂ ਦੇ ਚੱਲਦੇ-ਫਿਰਦੇ ਟਰੱਕ, ਆਰਜ਼ੀ ਪ੍ਰੋਗਰਾਮਾਂ ’ਤੇ ਖਾਣਿਆਂ ਦੀ ਸਰਵਿਸ ਅਤੇ ਫਾਰਮਰਜ਼ ਮਾਰਕੀਟਾਂ ’ਤੇ ਖਾਣੇ ਵੇਚਣ ਵਾਲੇ ਜਾਂ ਹੋਰ ਟੈਂਪਰੇਰੀ ਮਾਰਕੀਟਾਂ। ਅਮਲ ਦੇ ਕਿਸੇ ਵੀ ਸਮੇਂ ਦੌਰਾਨ ਮਦਦ ਕਰਨ ਲਈ ਫਰੇਜ਼ਰ ਹੈਲਥ ਦੇ ਇਨਵਾਇਰਨਮੈਂਟ ਹੈਲਥ ਅਫਸਰ ਉਪਲਬਧ ਹਨ।

## ਅਸੀਂ ਕਿਵੇਂ ਮਦਦ ਕਰ ਸਕਦੇ ਹਾਂ?

ਸਾਡਾ ਵੈੱਬਸਾਈਟ ਖਾਣਿਆਂ ਦੇ ਬਿਜ਼ਨਸ ਦੀ ਮਨਜ਼ੂਰੀ ਲਈ ਅਤੇ ਚਲਾਉਣ ਲਈ ਫਾਇਦੇਮੰਦ ਜਾਣਕਾਰੀ ਦਿੰਦਾ ਹੈ ਜਿਵੇਂ ਕਿ:

- ਖਾਣਿਆਂ ਦੇ ਨਵੇਂ ਕਾਰੋਬਾਰੀਆਂ ਲਈ ਮਨਜ਼ੂਰੀ ਦਾ ਤਰੀਕਾ ਜਿਸ ਵਿਚ ਹੈਲਥ ਅਪਰੂਵਲ ਲਈ ਐਪਲੀਕੇਸ਼ਨ, ਖਾਣੇ ਦੀ ਸਰਵਿਸ ਲਈ ਐਪਲੀਕੇਸ਼ਨ ਦਾ ਪੈਕੇਜ, ਖਾਣੇ ਦੇ ਟੈਂਪਰੇਰੀ ਸਥਾਨ ਲਈ ਐਪਲੀਕੇਸ਼ਨ ਅਤੇ ਹੋਰ ਸ਼ਾਮਲ ਹਨ।
- ਆਮ ਵਸੀਲੇ ਜਿਸ ਵਿਚ ਫੂਡ ਸੇਫਟੀ ਦੀ ਹੋਰ ਜਾਣਕਾਰੀ, ਸਾਈਨਾਂ/ਪੋਸਟਰਾਂ ਦੇ ਇਲਾਵਾ, ਅਨੁਵਾਦ ਕੀਤੀ ਹੋਈ ਸਾਮੱਗਰੀ ਵੀ ਸ਼ਾਮਲ ਹੈ ਜਿਵੇਂ ਕਿ ਫੂਡ ਸੇਫਟੀ ਪਲੈਨਾਂ ਅਤੇ ਸਫ਼ਾਈ ਦੇ ਸਮਿਆਂ ਲਈ ਟੈਮਪਲੇਟਾਂ, ਫੂਡ ਸੇਫਟੀ ਬੁਲੇਟਿਨ, ਇਸ ਚੀਜ਼ ਬਾਰੇ ਜਾਣਕਾਰੀ ਕਿ ਕੋਈ ਛੋਟੀ ਅੱਗ ਲੱਗਣ, ਬਿਜਲੀ ਜਾਣ, ਜਾਂ ਪਾਣੀ ਨੂੰ ਉਬਾਲਣ ਦੇ ਨੋਟਿਸ ਦੀ ਸੂਰਤ ਵਿਚ ਕੀ ਕਰਨਾ ਹੈ
- ਫਰੇਜ਼ਰ ਹੈਲਥ ਵਲੋਂ ਦਿੱਤੇ ਜਾਂਦੇ ਫੂਡਸੇਫ ਕੋਰਸਾਂ ਨਾਲ ਲਿੰਕ
- ਕਿਸੇ ਇਨਵਾਇਰਨਮੈਂਟਲ ਹੈਲਥ ਅਫਸਰ ਨਾਲ ਸੰਪਰਕ ਕਰਨ ਲਈ ਫਰੇਜ਼ਰ ਹੈਲਥ ਵਿਚ ਹੈਲਥ ਪ੍ਰੋਟੈਕਸ਼ਨ ਦੇ ਦਫਤਰਾਂ ਨਾਲ ਸੰਪਰਕ ਦੀ ਜਾਣਕਾਰੀ

ਕਿਰਪਾ ਕਰਕੇ ਸਾਡੇ ਵੈੱਬਸਾਈਟ ’ਤੇ ਜਾਓ: https://www.fraserhealth.ca/health-topics-a-to-z/food-safety#.Y-QOdhfMKUk

## ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ?

ਜੇ ਤੁਸੀਂ ਲੋਕਾਂ ਲਈ ਖਾਣਾ ਤਿਆਰ ਕਰਨ, ਵਰਤਾਉਣ ਜਾਂ ਵੇਚਣ ਦੀ ਪਲੈਨ ਬਣਾ ਰਹੇ ਹੋ ਤਾਂ ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਆਪਣੇ ਲੋਕਲ ਹੈਲਥ ਪ੍ਰੋਟੈਕਸ਼ਨ ਦਫਤਰ ਨਾਲ ਸੰਪਰਕ ਕਰੋ ਕਿ ਅਸੀਂ ਲੋੜੀਂਦੀਆਂ ਪ੍ਰਵਾਨਗੀਆਂ ਜਾਂ ਪਰਮਿਟਾਂ ਲਈ ਸਹੀ ਜਾਣਕਾਰੀ ਦੇ ਸਕੀਏ।

| **ਸਥਾਨ** | **ਐਡਰੈਸ** | **ਫੋਨ** | **ਈਮੇਲ** |
|---|---|---|---|
| ਐਬਟਸਫੋਰਡ | 400-2777 Gladwin Rd | 604-870-7900 | hpabbotsford@fraserhealth.ca |
| ਐਗਾਸੀਜ਼ | 7243 Pioneer Avenue | 604-793-7160 | hpchilliwack@fraserhealth.ca |
| ਬਰਨਬੀ | 300-4946 Canada Way | 604-918-7683 | hpburnaby@fraserhealth.ca |
| ਚਿਲੀਵੈਕ/ਹੋਪ | 101-45485B Knight Rd | 604-702-4950 x 614952 | hpchilliwack@fraserhealth.ca |
| ਲੈਂਗਲੀ | 110 - 26470 201 Street | 604-514-6123 | hplangley@fraserhealth.ca |
| ਡੈਲਟਾ/ਵਾਈਟ ਰੌਕ | 201-11245 84 Avenue | 604-507-5478 | hpdelta@fraserhealth.ca |
| ਰਿਜ ਮਿਡੋਜ਼ | 400-22470 Dewdney Trunk Rd | 604-476-7000 | hpmapleridge@fraserhealth.ca |
| ਮਿਸ਼ਨ | 7298 Hurd St | 604-814-5515 | hpmission@fraserhealth.ca |
| ਨਿਊ ਵੈੱਸਟਮਿਨਸਟਰ | 218-610 Sixth St | 604-777-6740 | hpnewwest@fraserhealth.ca |
| ਟ੍ਰਾਈ-ਸਿਟੀਜ਼ | 300-205 Newport Dr | 604-949-7701 | hptricities@fraserhealth.ca |
| ਸਰੀ | 100- 13450 102 Avenue | 604-930-5405 | hpsurrey@fraserhealth.ca |

ਖਾਣੇ ਦੇ ਬਿਜ਼ਨਸ ਦੀ ਫਰੇਜ਼ਰ ਹੈਲਥ ਵਲੋਂ ਮਨਜ਼ੂਰੀ ਲਈ ਆਮ ਤਰੀਕਾ:

ਖਾਣੇ ਦਾ ਨਵਾਂ ਬਿਜ਼ਨਸ

↓

**1. ਐਪਲੀਕੇਸ਼ਨ ਦਰਜ ਕਰਵਾਓ**

ਅੱਗੇ ਦਿੱਤੇ ਡਾਕੂਮੈਂਟਸ (ਪੇਪਰ) ਦਰਜ ਕਰਵਾਓ:

- ਕਨਸਟਰੱਕਸ਼ਨ ਪਲੈਨਾਂ ਦੇ 3 ਸੈੱਟ (ਸਿਰਫ ਬਿਲਕੁਲ ਨਵੇਂ ਸਥਾਨਾਂ ਜਾਂ ਵੱਡੀਆਂ ਰੈਨੋਵੇਸ਼ਨਾਂ ਲਈ)
- ਹੈਲਥ ਅਪਰੂਵਲ ਲਈ ਐਪਲੀਕੇਸ਼ਨ
- ਕਾਰਪੋਰੇਸ਼ਨ/ਪਾਰਟਨਰਸ਼ਿਪ ਦੇ ਪੇਪਰ (ਜੇ ਲਾਗੂ ਹੁੰਦਾ ਹੋਵੇ)
- ਫੂਡ ਸੇਫਟੀ ਪਲੈਨ
- ਸੈਨੀਟੇਸ਼ਨ ਪਲੈਨ
- ਫੂਡਸੇਫ ਸਰਟੀਫਿਕੇਟ ਦੀ ਕਾਪੀ (ਜੇ ਲਾਗੂ ਹੁੰਦਾ ਹੋਵੇ)

↓

**2. ਹੈਲਥ ਇੰਸਪੈਕਟਰ ਨਾਲ ਸਲਾਹ-ਮਸ਼ਵਰਾ (ਜਿਸ ਨੂੰ ਇਨਵਾਇਰਨਮੈਂਟਲ ਹੈਲਥ ਅਫਸਰ ਵੀ ਕਿਹਾ ਜਾਂਦਾ ਹੈ)**

- ਇਹ ਪੱਕਾ ਕਰਨ ਲਈ ਹੈਲਥ ਇੰਸਪੈਕਟਰ ਨਾਲ ਰਾਬਤਾ ਕਰੋ ਕਿ ਫਲੋਰ ਪਲੈਨਾਂ, ਫੂਡ ਸੇਫਟੀ ਪਲੈਨ, ਅਤੇ ਸੈਨੀਟੇਸ਼ਨ ਪਲੈਨ ਸਿਹਤ ਸੰਬੰਧੀ ਸ਼ਰਤਾਂ ਪੂਰੀਆਂ ਕਰਦੀਆਂ ਹਨ

↓

**3. ਖੋਲ੍ਹਣ ਤੋਂ ਪਹਿਲਾਂ ਦੀ ਇੰਸਪੈਕਸ਼ਨ**

- ਇੰਸਪੈਕਸ਼ਨ ਦਾ ਪ੍ਰਬੰਧ ਕਰਨ ਲਈ ਹੈਲਥ ਇੰਸਪੈਕਟਰ ਨੂੰ ਫੋਨ ਕਰੋ
- ਸਥਾਨ ਦੀ ਇੰਸਪੈਕਸ਼ਨ ਇਹ ਪੱਕਾ ਕਰਨ ਲਈ ਕੀਤੀ ਜਾਂਦੀ ਹੈ ਕਿ ਇਹ ਸਿਹਤ ਨਾਲ ਸੰਬੰਧਿਤ ਸ਼ਰਤਾਂ ਪੂਰੀਆਂ ਕਰਦੀ ਹੈ

↓

**4. ਪਰਮਿਟ ਦੀ ਫੀਸ ਦਿਉ (ਜੇ ਲਾਗੂ ਹੁੰਦਾ ਹੈ)**

- ਪਰਮਿਟ ਦੀ ਲਾਗੂ ਹੋਣ ਵਾਲੀ ਫੀਸ ਦਿਉ

↓

ਹੈਲਥ ਅਪਰੂਵਲ ਦੇ ਦਿੱਤੀ ਗਈ ਹੈ/ਚਲਾਉਣ ਦਾ ਪਰਮਿਟ ਜਾਰੀ ਹੋ ਗਿਆ ਹੈ

ਤੁਸੀਂ ਹੁਣ ਆਪਣੇ ਖਾਣੇ ਦਾ ਬਿਜ਼ਨਸ ਚਲਾ ਸਕਦੇ ਹੋ

ਹੋਰ ਜਾਣਕਾਰੀ ਲਈ, ਕਿਰਪਾ ਕਰਕੇ https://www.fraserhealth.ca/health-topics-a-to-z/food-safety ’ਤੇ ਜਾਉ